ਹਰਿ-ਮਤ ਮੁਕਾਬਲਾ
ਪੇਪਰ ਨੰ-੯
੧੪ ਪੋਹ ਸ਼ੈ: ਸੰ: ੩੭ (੨੮ ਦਸੰਬਰ ੨੦੦੧)
ਮਾਟੂੰਦਾ
ਜਿਲਾ ਬੂੰਦੀ (ਰਾਜਿਸਥਾਨ)

ਨਾਮ ........................... ਆਯੂ ........

ਪਿੰਡ / ਸ਼ਹਿਰ ... ......... ਸਮਾਂ : ੨ ਘੰਟੇ

★ ★ ★ ★ ★ ★ ★ ★ ★ ★ ★ ★ ★ ★ ★ ★

ਸਲੇਬਸ

੧) "ਜਨਮ ਸਾਖੀ" (ਸਾਖੀ ੭੧ ਤੋਂ ੮੦)
੨) ਸ਼ਬਦ (੫੦੧ ਸ਼ਬਦਾਂ ਵਾਲੀ ਪੰਨਾ ਨੰ ੧੦੧ ਤੋਂ ੧੨੫)
੩) ਜਨ ਭਗਤ ਕਹੇ
੪) ਜਨ ਭਗਤ ਕਹਿਣ
੫) ਜੋ ਜਨ ਸਿਮਰੇ ਪ੍ਰਭ ਕਾ ਨਾਉਂ
੬) ਪਿਛਲੇ ਪੇਪਰਾਂ ਚੋਂ
੭) ਆਮ ਗਿਆਨ

ਨੋਟ :

★ ਕੱਟ ਕੇ ਦੁਬਾਰਾ ਠੀਕ ਕਰਿਆ ਗਲਤ ਮੰਨਿਆ ਜਾਵੇਗਾ ।
★ ਕੁਲ ਅੰਕ : ੧੦੦

੧) ਮਹਾਰਾਜ ਸ਼ੇਰ ਸਿੰਘ ਹੁਣ ਦਿਨ ਮਨਾਏ ਜਰਮ ਦਾ, ....... ਨਗਰ ਪਾਰ ਕਰਾਈ ।

ਘਵਿੰਡ ਕਲਸੀਆਂ

ਬੁੱਗੇ ਜੇਠੂਵਾਲ

੨) ਕੀ ਹਰਿ ਸੰਗਤ ਆਪਣਾ ਜਨਮ ਦਿਨ ਮਨਾ ਸਕਦੀ ਹੈ ?

ਹਾਂ ਨਹੀ

ਕਦੇ ਕਦੇ ਸਿਰਫ ਖਾਸ ਖਾਸ ਗੁਰਸਿਖ

੩) ਬੀਬੀ ਦੀਪੋ ਦੀ ਦੇਹ ਕਿਸ ਤਰਾਂ ਠੀਕ ਹੋਈ ?

ਮੱਥੇ ਟੇਕ ਕੇ ਸੁਖਣਾ ਸੁਖ ਕੇ

ਝਾੜੂ ਤੇ ਲੂਣ ਚੜ੍ਹਾ ਕੇ ਲੰਗਰ ਦੀ ਸੇਵਾ ਨਾਲ

੪) ਵਿਚ ਸਤਿਜੁਗ ਸੋਹਣਾ ਦਰਬਾਰ । ਪਿੰਡ ...... ਰਚਣਾ ਸਰਕਾਰ ।

ਮੇਰਟ ਦਿੱਲੀ

ਬੁੱਗੇ ਘਵਿੰਡ

੫) ਕੀ ਅਸੀ ਕਿਸੇ ਆਪੇ ਬਣੇ ਗੁਰੂ ਜਾ ਮਸਤਾਨੇ ਸਿਖ ਤੋਂ ਭੋਗ ਲਗਵਾ ਕੇ ਸੀਤ ਪਰਸ਼ਾਦ ਛਕ ਸਕਦੇ ਹਾਂ ?

ਨਹੀਂ ਹਾਂ

ਮਹਾਰਾਜ ਵੇਲੇ ਨਹੀਂ ਹੁਣ ਛਕ ਸਕਦੇ ਹਾਂ ਆਪਣੀ ਆਪਣੀ ਮਰਜੀ

੬) ਕੀ ਸਾਨੂੰ ਕਿਸੇ ਆਪੇ ਬਣੇ ਗੁਰੂ ਜਾ ਮਸਤਾਨੇ ਸਿਖ ਜਾਂ ਜਗਤ ਸਾਧ ਤੋਂ ਰੱਖਾਂ ਜਾਂ ਜਲ ਬਣਾਉਣ ਦੀ ਇਜਾਜਤ ਹੈ ।

ਨਹੀਂ ਹਾਂ

ਮਹਾਰਾਜ ਵੇਲੇ ਨਹੀਂ ਹੁਣ ਬਣਵਾ ਸਕਦੇ ਹਾਂ ਆਪਣੀ ਆਪਣੀ ਮਰਜੀ

੭) ਮਾਨਸ ਜਨਮ ਲੈ ਜਿਸ ਸਤਿਗੁਰ ਨਿੰਦਿਆ, ....... ਪਾਰ ਪ੍ਰਭ ਕਰੇ ਅੱਗੇ ਚਲੇ ਜੀਵ ਨਾ ਬਿੰਦਿਆ । (੨੯ ਫੱਗਣ ੨੦੦੭ ਬਿ)

ਸਤਿਜੁਗ ਤਰੇਤਾ

ਦੁਆਪਰ ਕਲਜੁਗ

੮) ਬੱਗਾ ਸਿੰਘ ਨੂੰ ਮੱਥਾ ਟੇਕਣ ਤੇ ਥਾਲ ਨੂੰ ਭੋਗ ਲਵਾਉਣ ਕੇ ਸੀਤ ਪਰਸ਼ਾਦ ਛਕਣ ਤੇ ਬੁੱਧ ਸਿੰਘ ਬਾਲੇ ਚੱਕ ਵਾਲੇ ਨੂੰ ਪਾਤਸ਼ਾਹ ਕੀ ਦਿੱਤਾ ?

ਸੰਤਰਿਆਂ ਦਾ ਪ੍ਰਸ਼ਾਦ ਪੇਟ ਦਾ ਦਰਦ ਦਸਤ ਤੇ ਉਲਟੀਆਂ

ਘੋੜਾ ਪਗੜੀ

੯) ਕਲਜੁਗ ਉਤਮ ........ ਦਰਬਾਰਾ ।

ਘਵਿੰਡ ਜੇਠੂਵਾਲ

ਦਿੱਲੀ ਨਿਹਕਲੰਕ

੧੦) ........ ਵਿੱਚ ਆ ਕੇ ਬਿਨ ਸਤਿਗੁਰ ਕਿਰਪਾ ਪਿੱਛੇ ਕੋਇ ਨਾ ਮੁੜਿਆ, ਜੋਤੀ ਜੋਤ ਨਾ ਕੋਇ ਮਿਲਾਈਆ ।

ਦਰਬਾਰ ਵਿਚ ਸੰਗਤ

ਲੱਖ ਚਰਾਸੀ ਮਾਤਲੋਕ

੧੧) "ਖਾਲਕ ਖਲਕ ਸਭ ਦੀ ਆਤਮ ਹੋਈ ਰੰਡ" ਕਿਉਂ ?

ਧਾਰਮਕ ਸਥਾਨਾਂ ਤੇ ਨਹੀਂ ਜਾਂਦੇ ਗੁਰ ਅਵਤਾਰਾਂ ਨੂੰ ਨਹੀ ਮੰਨਦੇ

ਪਾਹਨ ਪੱਥਰਾਂ ਨੂੰ ਪੂਜਦੇ ਪ੍ਰਮਾਤਮਾ ਦਾ ਹੁਕਮ ਨਹੀਂ ਮੰਨਦੇ ।

੧੨) ਸੋਹੰ ਸ਼ਬਦ ਰਸਨਾ ਗਾ ਕੇ, ਮਹਾਰਾਜ ਸ਼ੇਰ ਸਿੰਘ ...... ਵਿਚੋਂ ਪਾਓ ।

ਮਨ ਤਨ

ਹਰਿ ਸੰਗਤ ਹਰਿ ਬਾਣੀ

੧੩) ਵੇਖਿਓ ਪ੍ਰਭ ਦੇ ਸਾਹਮਣੇ ਬੁੱਧੀ ਦੀ ਦੱਸਿਓ ਕੋਈ ਨਾ ਲਿਆਕਤ, ਅਕਲ ਦੀ ਅਕਲ ਨਾ ਕੋਇ ਦ੍ਰਿੜਾਈਆ । ਸਦਾ ਰਹਿਣਾ ......., ਮਤਲਾ ਕਰ ਕੇ ਦਿਆਂ ਦ੍ਰਿੜਾਈਆ । ਜੇ ਪਿਛੇ ਝੂਠ ਬੋਲਣ ਦੀ ਆਦਤ, ਅੱਗੇ ਲਓ ਬਦਲਾਈਆ ।

ਕਰਨੀ ਮੁਤਾਬਕ ਸਤਿਗੁਰ ਮੁਤਾਬਕ

ਆਪਣੇ ਮੁਤਾਬਕ ਹੁਕਮ ਮੁਤਾਬਕ

੧੪) ਚਾਮ ਨਾ ਆਵੇ ਕਾਮ ਜੀਵ ਵਿਚੋਂ ....... ਜਾਵੇ ਮਾਰ ਉਡਾਰੀ ।

ਜੀਵ ਜੋਤ

ਸ਼ਬਦ ਨਾਮ

੧੫) ਈਸ਼ਰ ........ ਦੋਏ ਜਗ ਆਏ । ਈਸ਼ਰ ਨਾਉਂ ਗੁਰ ਝੋਲੀ ਪਾਏ । ਸਾਚਾ ਗੁਰ ਈਸ਼ਰ ਨਾਉਂ ਜਗਤ ਸੁਣਾਏ ।

ਜੋਤ ਸ਼ਬਦ

ਗੁਰ ਨਾਮ

੧੬) ਮਹਾਰਾਜ ਸ਼ੇਰ ਸਿੰਘ ਵਿਚ ......... ਵਸੇ, ਵੇਖੇ ਸੋ ਜੋ ਜਨ ਰਸਨਾ ਸੋਹੰ ਗਾਇੰਦਾ ।

ਭਗਤਾਂ ਜਗਤ ਰਿਸਤੇਦਾਰਾਂ

ਆਪੇ ਬਣੇ ਗੁਰੂਆਂ ਖਾਸ ਖਾਸ ਸਿਖਾਂ

੧੭) ਕਲਜੁਗ ਠਾਠਾਂ ਮਾਰੀਆਂ, ਜੁਗ ਚਲਿਆ ਲਹਿੰਦੀ ਧਾਰ । ਬੇਮਖ ਨਿੰਦਕ ...... ਵਸੇ, ਅੰਤ ਕੋਏ ਨਾ ਲੇਵੇ ਸਾਰ ।

ਆਕਾਸ਼ ਨਰਕ

ਪਾਤਾਲ ਜਲ

੧੮) ਨੇਹਕਲੰਕ ਦਰਸ਼ਨ ਦੁਰਲਭ । ਜਿਨ ਕਲਜੁਗ ਮਿਲਿਆ, ਬੇਮੁਖਾਂ ਸੋਹੰ ਸ਼ਬਦ ਵੱਜੇ ........ ।

ਸਿਰ ਡੰਡ ਵਿਚ ਕੰਧ

ਬੰਬ ਮਰਦੰਗ

੧੯) ਨਾਮ ਸਿਮਰਨ ਕੀ ਹੈ ?

ਰਾਤ ਨੂੰ ਸੋਹੰ ਦਾ ਜਾਪ ਕਰਨਾ ਸੁਭਾ ਸ਼ਾਮ ਪਾਠ ਕਰਨਾ

ਨਾਮ ਦੀ ਕਮਾਈ ਕਰਨਾ ਦੂਸਰਿਆਂ ਨੂੰ ਨਾਮ ਦੇਣਾ

੨੦) ਨਾਮ ਧਿਆਉਣਾ ਕੀ ਹੈ ?

ਸੋਹੰ ਸੋਹੰ ਜਪਣਾ ਪੂਰਾ ਜੈਕਾਰਾ ਜਪਣਾ

ਪਾਠ ਕਰਨਾ ਹਰ ਕੰਮ ਕਾਜ ਸਤਿਗੁਰ ਦੇ ਹੁਕਮ ਨੂੰ ਧਿਆਨ ਵਿਚ ਰੱਖ ਕੇ ਉਸ ਮੁਤਾਬਕ ਕਰਨਾ

੨੧) ਭਗਤ ਦੀ ਮੰਜਲ ਕੀ ਹੈ ?

ਦੂਸਰਿਆਂ ਨੂੰ ਸੁਧਾਰਨਾ ਹਰਿ ਬਾਣੀ ਪੜ੍ਹ ਕੇ ਲੈਕਚਰ ਕਰਨੇ

ਓਸ ਵਿਚ ਸਮਾਉਣਾ ਪੂਜਾ ਪਾਠ ਕਰਨਾ

੨੨) "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਦਾ ਜੈਕਾਰਾ ਲਾਉਣ ਵਾਲਾ ਕਿਸ ਕਿਸ ਨੂੰ ਮੱਥਾ ਟੇਕ ਸਕਦਾ ਹੈ ?

੧ ਜਿਥੇ ਆਪਣਾ ਜੀ ਕਰੇ ੨ ਜਿਥੇ ਹੋਰ ਸੰਗਤ ਟੇਕਦੀ ਹੋਵੇ

੩ ਧਰਮ ਅਸਥਾਨਾ ਤੇ ੪ ਆਪਣੇ ਜਗਤ ਮਾਂ ਪਿਓ ਨੂੰ

੫ ਪਰਮਾਤਮਾ ਦੀ ਰਚਨਾ ਨੂੰ ੬ ਜਗਤ ਸਿੰਘਾਸਣਾਂ ਨੂੰ

੭ ਮਸਤਾਨਿਆਂ ਨੂੰ ੮ ਆਪੇ ਬਣੇ ਗੁਰੂਆਂ ਨੂੰ

੯ ਸਿਰਫ ਪੁਰਖ ਅਕਾਲ ਨੂੰ ੧੦ ਇਨ੍ਹਾਂ ਸਾਰਿਆਂ ਨੂੰ

੨੩) ਕਲਜੁਗ .......... ਜੀਵ ਭਰਮ ਭੁਲਾਨੀ । ਚਲੇ ਕੁਰੀਤੀ ਛੱਡ ਸਾਚੀ ਬਾਣੀ ।

ਜੀਵ ਨਾਮ

ਮਾਇਆ ਕਰਮ

੨੪) ਝੂਠੀ ਕਾਇਆ ਦੁੱਖ ਰੋਗ ਗਵਾਇਆ, ਜੋ ਜਨ ਮਨੋ ਨਾ ਭੁਲਾਏ । .... ਭੁਲਾਏ ਬਹੁਤ ਦੁੱਖ ਪਾਏ, ਸਾਚਾ ਪ੍ਰਭ ਸ਼ਬਦ ਲਿਖਾਏ ।

ਸ਼ਬਦ ਸ੍ਰਿਸ਼ਟ ਸੁਖਣਾ ਦੁੱਖ

੨੫) ਸ਼ਬਦ ........ ਕੋਈ ਜਗਤ ਨਾ ਹੋਏ । ਸ਼ਬਦ ਮਾਰ ਚਲੇ, ਰਾਖੇ ਨਾ ਕੋਏ ।

ਗੁਰੂ ਵਿਚਾਰ

ਅਮੋੜ ਸਿੰਘਾਸਣ

੨੬) ਰਸੂਲ ਪੁਰ ਵਾਲੇ ਸਰਦਾਰ ਨੂੰ ਪਾਤਸ਼ਾਹ ਜੀ ਨੇ ਕੀ ਪਰਸ਼ਾਦ ਦਿੱਤਾ ।

੨ ਖਰਬੂਜੇ ੫ ਸੰਤਰੇ

ਪਤਾਸੇ ਲੱਡੂ

੨੭) ਹਰਿ ਸਿਮਰਨ ਲਈ :

ਵੇਦ, ਸਾਸ਼ਤਰ, ਗਰੰਥ ਆਦਿ ਪੜ੍ਹਨੇ ਜਰੂਰੀ ਹਨ ।

ਰਸਨਾ ਜਿਹਵਾ ਨਾਲ ਜੈਕਾਰ ਕਰਨਾ ਜਰੂਰੀ ਹੈ ।

ਗਿਆਨਾਂ ਤੇ ਵਿਚਾਰ ਕਰਨਾ ਜਰੂਰੀ ਹੈ ।

ਇਹਨਾਂ ਤਿੰਨਾ ਚੋਂ ਕੋਈ ਵੀ ਜਰੂਰੀ ਨਹੀਂ

ਇਹ ਤਿੰਨੇ ਜਰੂਰੀ ਹਨ

੨੮) "ਮੈਂ ਤੁਹਾਡੇ ਅੰਦਰ ਆਇਆ ਬਹਿਣ, ਲੱਖ ਚੁਰਾਸੀ ਜਗਤ ਤਜਾਈਆ ।" ਸਤਿਗੁਰਾਂ ਕਿਸ ਨੂੰ ਸਬੋਧਤ ਕੀਤਾ ਹੈ ?

ਦਰਬਾਰਾਂ ਨੂੰ ਲੇਫ ਤਲਾਈਆਂ ਨੂੰ

ਇਟਾਂ ਪੱਥਰਾਂ ਕਾਗਜਾਂ ਨੂੰ ਭਗਤਾਂ ਨੂੰ

੨੯) ਸਾਚਾ ਸੇਵਕ ........ ਸੇਵ ਕਮਾਏ । ਤਨ ਮਨ ਧਨ ਵਾਰ, ਚਰਨ ਪ੍ਰੀਤੀ ਲਾਏ ।

ਗੁਰੂਆਂ ਗੁਰ ਚਰਨ

ਗੁਰਸਿਖ ਪਰਿਵਾਰਕ

੩੦) ਸਰਨ ਡਿੱਗੇ ਸਤਿਜੁਗ ਸਾਰੀ ਹਿੰਦ, ...... ਤੇਰੀ ਵਡ ਵਡਿਆਈਏ ।

ਕਲਜੁਗ ਹਰਿ ਸੰਗਤ

ਨਿਹਕਲੰਕ ਲਿਖਾਰੀਆਂ

੩੧) ਜੋਤ ਸਰੂਪ ਜੁਗੋ ਜੁਗ ਪ੍ਰਭ ਏਕਾ ਜੇਹਾ । ਏਕਾ ਜੋਤ ਪ੍ਰਭ ਜੋਤੀ ਜੋਤ, ...... ਧਾਰੇ ਦੇਹਾ ।

ਇਕ ਦੋ

ਦਸ ਅਨੇਕ

੩੨) ........ ਸਿਖ ਜਿਸ ਜਨ ਦੇਵਣ ਦਰਸ ਦੀਦਾਰ, ਤਿਸ ਉਪਰ ਹਰਿ ਜੂ ਦਇਆ ਕਮਾਈਆ । ਮਿਲੇ ਵਡਿਆਈ ਵਿਚ ਸੰਸਾਰ, ਸੰਸਾ ਸਾਗਰ ਦਏ ਗਵਾਈਆ ।

ਇਕ ਦੋ ਪੰਜ ਅਨੇਕ

੩੩) ਪਰਮਾਤਮਾ ਦੇ ਦਰ ਤੇ ਪੁਜਣ ਲਈ :

ਪ੍ਰਭੂ ਦੀ ਕਿਰਪਾ ਚਾਹੀਦੀ ਹੈ ਪੂਜਾ ਪਾਠ ਕਰਨੀ ਚਾਹੀਦੀ ਹੈ

ਪੁੰਨ ਦਾਨ ਜਰੂਰੀ ਹੈ ਸੰਸਥਾ ਵੱਡੀ ਹੋਣੀ ਚਾਹੀਦੀ ਹੈ

੩੪) ਜਨ ਭਗਤੋ ਕੀ ਕਿਸੇ ਕੋਲੋਂ ਮੰਗੋ, ...... ਸਾਰੇ ਨਜ਼ਰੀ ਆਈਆ । ਇਕੋ ਪ੍ਰਭੂ ਦੇ ਪਿਆਰ ਵਿਚ ਆਪਣਾ ਆਪ ਰੰਗੋ, ਫੇਰ ਰੰਗਣ ਦੀ ਲੋੜ ਰਹੇ ਨਾ ਰਾਈਆ ।

ਰੰਕ ਮਾਂਗਤ

ਮਾਨਸ ਭੁੱਖੇ

੩੫) ਕਾਇਆ ਮੰਦਰ ਵਾਲੇ ਭਗਤ ਦਵਾਰ ਦੇ ਕਿੰਨੇ ਦਵਾਰ ਹਨ ?

੫ ੯ ੧੦ ੨੫

੩੬) ਪ੍ਰਭੂ ਦੀ ਕਿਰਪਾ ਦੇ ਪਾਤਰ ਬਣਨ ਲਈ

ਪ੍ਰਭੂ ਹੁਕਮ ਮੰਨਣਾ ਕਪੜੇ ਸਾਫ ਸੁਥਰੇ ਰੱਖਣੇ

ਜਿਆਦਾ ਤੋਂ ਜਿਆਦਾ ਮੱਥੇ ਟੇਕਣੇ ਲੈਕਚਰ ਕਰਨੇ

੩੭) ਸਤਿਗੁਰ ਕਿਹੜੇ ਭਗਤ ਦਵਾਰ, ਮੰਦਰ, ਗੁਰਦਵਾਰੇ ਵਿਚ ਰਹਿੰਦੇ ਹਨ ?

ਘਵਿੰਡ ਜੇਠੂਵਾਲ

ਦਿਲੀ ਕਾਇਆ ਮੰਦਰ

੩੮) ਸਤਿਗੁਰਾਂ "ਅੰਮ੍ਰਿਤ ਭੰਡਾਰ" ਕਿਥੇ ਰੱਖਿਆ ਹੈ ।

ਘਵਿੰਡ ਜੇਠੂਵਾਲ

ਅੰਮ੍ਰਿਤਸਰ ਕਾਇਆ ਮੰਦਰ

੩੯) ਆਤਮਾ ਵਿਚ ਪਰਮਾਨੰਦ ਕਿਸ ਤਰਾਂ ਉਪਜਦਾ ਹੈ ?

ਸਤਿਗੁਰਾਂ ਦੇ ਦਰਸ ਨਾਲ ਵਿਆਹ ਸ਼ਾਦੀ ਸਮੇਂ

ਸਤਿਸੰਗ ਸਮੇਂ ਬਹੁਤ ਪੈਸੇ ਆਉਂਣ ਤੇ

੪੦) ਜੋ ਜਨ ਸਿਮਰੇ ਹਰਿ ਕਾ ਨਾਉਂ, ਕੋਟ ਜਨਮ ਦੇ ਉਤਰਨ ਪਾਪ ।

੧੦੦ ਜਨਮ ੧੦੦੦ ਜਨਮ

੫ ਜਨਮ ਕੋਟ ਜਨਮ

੪੧) ਜੁਗ ਜੁਗ ਚਾਲ ਭਗਤਾਂ ਵੱਖਰੀ, ...... ਸਾਰ ਕਿਸੇ ਨਾ ਆਈਆ ।

ਕਲਜੁਗ ਜੀਵਾਂ ਅਕਲ ਵਾਲਿਆਂ

ਜਗਤ ਜੀਵਾਂ ਦੇਵੀ ਦੇਵਤਿਆਂ

੪੨) ਤੁਹਾਡੇ ਉਤੇ ........ ਧਰਮ ਨਾਲ ਆਸ, ਪਿਆਰ ਮੁਹੱਬਤ ਨਾਤਾ ਲੈਣਾ ਜੁੜਾਈਆ ।

ਧਰਮ ਦੀ ਧਰਤ ਦੀ

ਗੁਰ ਅਵਤਾਰਾਂ ਦੀ ਸਤਿਜੁਗ ਦੀ

੪੩) ਸਤਿਗੁਰਾਂ ਸਤਿਜੁਗ ਕਦੋਂ ਲਾਇਆ ?

੧ ਚੇਤ ਸ਼ੈ ਸੰ ੧ ੨੬ ਪੋਹ ੨੦੦੦ ਬਿ

੧ ਮਾਘ ੨੦੦੮ ਬਿ ੧ ਚੇਤ ੨੦੦੭ ਬਿ

੪੪) ਮਾਈ ਅਤਰੀ ਪਾਤਸ਼ਾਹ ਲਈ ਕੀ ਭੇਟਾ ਲੈ ਕੇ ਜਾਂਦੀ ਸੀ ?

ਖੱਦਰ ਦੇ ਕਪੜੇ ਹੱਥੀ ਸੀਂ ਕੇ ਬੰਦ ਡੱਬਿਆਂ ਵਿਚ ਬਰਫੀ

ਸੋਨੇ ਦੇ ਬਟਣਾ ਵਾਲੇ ਕਮੀਜ ਨੋਕਾਂ ਵਾਲੀ ਜੁੱਤੇ

੪੫) ਸਾਚਾ ਨਾਮ ਆਇਆ ਮਾਤ, ........ ਰਹਿਣ ਨਾ ਪਾਈਆ ।

ਮਨਮਤ ਗੁਰਮਤ

ਬੇਮੁਖ ਗੁਰਮੁਖ

੪੬) "ਸੇਰ ਮੱਖਣ, ਸੇਰ ਬਦਾਮ, ਕੁਜਿਆਂ ਦੀ ਮਿਸਰੀ ਤੇ ਜੇਬ ਖਰਚ ੨੫ ਰੁ ਰੋਜ ਇਕ ਇਕ ਸਿਖ ਨੂੰ ਪਾਤਸ਼ਾਹ ਦੇਣਗੇ । ਏਸੇ ਤਰਾਂ ਸੌ ਜਰਮ ਸੁਖ ਭੁਗਤਾ ਕੇ ਫੇਰ ਜੋਤ ਵਿਚ ਜੋਤ ਮੇਲ ਲੈਣਗੇ ।" ਇਹ ਬਚਨ ਸੰਤ ਮਨੀ ਸਿੰਘ ਨੇ ਸਿਖਾਂ ਨੂੰ ਕਿਥੇ ਦੱਸੇ ?

ਦਿੱਲੀ ਮਸਤੂਆਣੇ

ਘਵਿੰਡ ਭੰਡਾਲ

੪੭)** ਹਰਿ ਕਾ ਨਾਮ ਹਰਿ ਕੀ ........ ।

ਰੀਤੀ ਕੀਤੀ

ਪ੍ਰੀਤੀ ਕਾਇਆ

੪੮) ਜਬ ਭਗਵਾਨ ਕੋ ਯਾਦ ਕਰਤਾ ਹੈ ਤੋ ....... ਹੈ ।

ਜਬ ਕੋਈ ਚੀਜ਼ ਖਰੀਦਤਾ ਹੈ ਤੋ ........ ਹੈ ।

ਜਬ ਜ਼ਿਮੀਂਦਾਰੀ ਕਾ ਕਾਮ ਕਰਤਾ ਹੈ ਤੋਂ ....... ਹੈ ।

ਜਬ ਟੱਟੀ ਬੈਠ ਕਰ ਆਪਣਾ ਆਪ ਸਾਫ ਕਰਤਾ ਹੈ ਤੋ .... ਹੋ ਜਾਤਾ

ਖੱਤਰੀ ਬ੍ਰਹਮਣ ਸ਼ੂਦਰ ਵੈਸ਼ਯ

੪੯) ਦੋ ਪੈਲੀਆਂ ਲਾਂਭੇ ਹੋ ਕੇ ਲੰਘ ਜਾ । ਇਹ ਬਚਨ ਪਾਤਸਾਹ ਕਿਸ ਸਿਖ ਨੂੰ ਆਖੇ ?

ਅਤਰ ਸਿੰਘ ਤੇਜਾ ਸਿੰਘ

ਬੁੱਧ ਸਿੰਘ ਚੇਤ ਸਿੰਘ

੫੦) ਹਰਿ ਕਾ ਨਾਮ ਹਰਿ ਕੀ ........ ।

ਰੀਤੀ ਕੀਤੀ

ਪ੍ਰੀਤੀ ਕਾਇਆ

੫੧) ਘੀਕਾ ਸਿੰਘ ਨੂੰ ਪਾਤਸ਼ਾਹ ਜੀ ਨੇ ਕੀ ਪਰਸ਼ਾਦ ਦਿੱਤਾ ।

੫ ਖਰਬੂਜੇ ੨ ਸੰਤਰੇ

੫ ਪਤਾਸੇ ੨ ਲੱਡੂ

੫੨) ਬਿਨਾ ਗੁਰਸਿੱਖਾਂ ਸਤਿਗੁਰ ਦੀ ਸਾਰੇ ਕਰਦੇ ਬਦਨਾਮੀ, ਜੋ ਪੜ੍ਹ ਕੇ ਸੁਣ ਕੇ ਰਸਤਾ ਜਾਣ ਭੁਲਾਈਆ । ਓਹ ਗੁਰਮੁਖ ਨਹੀਂ ਗੁਰੂ ਘਰ ਦੇ ......., ਨਾਦੀ ਸੁਤ ਨਾ ਕੋਈ ਅਖਵਾਈਆ ।

ਬਦਨਾਮੀ ਹਰਾਮੀ

ਗੁਲਾਮੀ ਸਲਾਮੀ

੫੩) ਓਹ ਕਿਸੇ ਤੋਂ ......... ਨਹੀਂ ਵਸੂਲਦਾ, ਸੀਤਾ ਕਹੇ ਰਾਮ ਕੀ ਕਰਦਾ, ਰਾਮ ਕਹੇ ਭਗਤਾਂ ਅੱਗੇ ਪ੍ਰੇਮ ਦੀ ਝੋਲੀ ਡਾਹੀਆ ।

ਕਰਜਾ ਪੈਸੇ ਟਕੇ

ਟੈਕਸ ਕੀਮਤ

੫੪) ਬੁੱਧ ਸਿੰਘ ਦੀ ਭੈਣ ਦਾ ਨਾਂ ......... ਸੀ ।

ਕਰਮੋ ਬਸੰਤ ਕੌਰ

ਜੀਉਂਣੀ ਰਾਮੀ

੫੫) ਜਨ ਭਗਤੋ ਪ੍ਰਭ ਮਿਲਣ ਦੀ ........., ਜੁਗ ਜੁਗ ਚਲੀ ਆਈਆ । ਜਿਸ ਦਾ ਸੀਸ ਝੁਕੇ ਨਾਲ ਫੁਰਤੀ, ਫੁਰਨਿਆਂ ਤੋਂ ਬਾਹਰ ਆਪਣਾ ਰੰਗ ਰੰਗਾਈਆ ।

ਆਪਣੀ ਮਰਜੀ ਇਕੋ ਜੁਗਤੀ

ਤੁਹਾਡੀ ਮਰਜੀ ਖੇਲ ਕਲ ਦੀ

੫੬) ਬਿਨਾ ......... ਤੋਂ ਧਿਆਨ ਧਰਿਆ ਨਾ ਜਾਏ ਵਿਚ ਕਾਇਆ ਬੁੱਤ, ਕਾਅਬੇ ਸਾਰੇ ਰੋਵਣ ਮਾਰਨ ਧਾਹੀਆ ।

ਪ੍ਰਭੂ ਦੀ ਭਗਤੀ ਪ੍ਰਭੂ ਦੀ ਸ਼ਕਤੀ

ਪ੍ਰਭੂ ਦੀ ਮੂਰਤ ਪ੍ਰਭੂ ਦੀ ਕਿਰਪਾ*

੫੭) ਚਰਨ ਧਿਆਨ ਨਾਲ ਨਾਮ ਸਿਮਰਨ ਹੁੰਦਾ ਹੈ ।

ਜਾਂ

ਨਾਮ ਸਿਮਰਨ ਨਾਲ ਚਰਨ ਧਿਆਨ ਦੀ ਬਖਸਿਸ਼ ਹੁੰਦੀ ਹੈ ।

੫੮) ਪਾਤਸ਼ਾਹ ਸੁਣ ਕੇ ਨਰਾਜ ਹੋ ਗਏ ਤੇ ਕਿਹਾ, ਸਾਡੇ ਕੋਲ ਆਉਂਣ ਦੀ ਲੋੜ ਨਹੀ, ਮਸਤਾਨਿਆਂ ਨੂੰ ਪੂਜਾ ਭੇਟਾ ਦੇ ਕੇ ਮੱਥਾ ਟੇਕ ਦਿਆ ਕਰੋ । ....... ਅਸੀ ਮਸਤਾਨਿਆਂ ਵਿਚ ਧੱਕੇ ਤਾਂ ਨਹੀਂ ਨਾ ਖਾਂਦੇ ਫਿਰਦੇ । ਇਹ ਬਚਨ ਪਾਤਸ਼ਾਹ ਕਿਸ ਨੂੰ ਆਖੇ ?

ਮਨੀ ਸਿੰਘ ਨੂੰ ਬੱਗਾ ਸਿੰਘ ਨੂੰ

ਚੇਤ ਸਿੰਘ ਨੂੰ ਸੰਗਤਾਂ ਨੂੰ

੫੯) ਜੋ ਜਨ ਸਿਮਰੇ ਪ੍ਰਭ ਕਾ ਨਾਉਂ, ....... ਮੰਨੇ ਅੰਦਰੋਂ ਆਖੀ ।

ਸੁਰਤ ਸਵਾਣੀ ਗੁਰਮੁਖ

ਗੁਰਸਿਖ ਸਤਿਗੁਰ

੬੦) ਨਾਮ ਸਿਮਰਨ ਨਾਲ ਕੂੜੇ ਨਾਤੇ ਤੁਟਦੇ ਹਨ ।

ਜਾਂ

ਕੂੜੇ ਨਾਤੇ ਤੋੜ ਕੇ ਨਾਮ ਸਿਮਰਨ ਹੁੰਦਾ ਹੈ ।

੬੧) ਸਾਚੀ ਮਤ ਕਿਹੜੀ ਹੈ ?

ਸਾਡੇ ਲੈਕਚਰ ਹਰਿ ਕਾ ਨਾਮ

ਚਾਰ ਬਰਨ ਸਾਡੇ ਹੁਕਮਨਾਮੇ

੬੨) ਧੀ ਦਾ ਸਰਫਾ ਕਰਦੀ ਕਰਦੀ ਸੱਚੇ ਪਾਤਸ਼ਾਹ ਤੋਂ ਸਰਾਫ ਲੈ ਕੇ ਚਲ ਗਈ । ਕੌਣ ?

ਬਸੰਤ ਕੌਰ ਕਰਮੋ

ਮਾਈ ਗੁਲਾਬੀ ਮਾਈ ਲਛਮੀ

੬੩) ਜੋ ਜਨ ਸਿਮਰੇ ਹਰਿ ਕਾ ਨਾਉਂ, ........ ਵਿਚੋਂ ਲਏ ਭਾਲ ।

ਸਚਖੰਡ ਧਰਮ ਦਵਾਰਿਆਂ

ਲੱਖ ਚੁਰਾਸੀ ਮਾਨਵ ਜਾਤੀ

੬੪) ਨਾਮ ਸਿਮਰਨ ਨਾਲ ਸਰੀਰ ਸ਼ਾਤ ਹੁੰਦਾ ਹੈ ।

ਜਾਂ

ਸ਼ਾਤ ਸਰੀਰ ਨਾਲ ਨਾਮ ਸਿਮਰਨ ਹੁੰਦਾ ਹੈ ।

੬੫) ਮਰਦਾ ਨਹੀ, ਜਿਹੜੀ ਬੱਗਾ ਸਿੰਘ ਦੀ ਜੂਠ ਖਾਦੀ ਹੈ ਜਦੋ ਅੰਦਰੋਂ ਨਿਕਲ ਗਈ ਅਰਾਮ ਆਜੂ । ਇਹ ਬਚਨ ਪਾਤਸ਼ਾਹ ਕਿਸ ਦੇ ਲਈ ਆਖੇ ?

ਚੇਤ ਸਿੰਘ ਬੁੱਧ ਸਿੰਘ

ਬਸੰਤਾ ਸਿੰਘ ਬਾਜ ਸਿੰਘ

੬੬) "ਸੰਸਾਰ ਨੇ ਤੁਹਾਤੋਂ ਰਸਤਾ ਵੇਖਣਾ ਹੈ । ਏਸ ਨਵੀਂ ਰੀਤੀ ਨੀਤੀ ਨੂੰ ਤੁਸਾਂ ਅਪਣੌਣਾ ਹੈ ਅਤੇ ਤੁਸਾਂ ਏਸ ਤੇ ਚਲਣਾ ਹੈ । ਚੱਲਣ ਵਿਚ ਤੁਹਾਨੂੰ ਥੋੜੀ ਜਿਨੀ ਕਠਨਾਈ ਨਹੀਂ ਆਉਂਦੀ ਜੇ ਤੁਹਾਡਾ ਆਪਣਾ ਅੰਤਰ ਜਿਹੜਾ ਹੈ ਇਹ .......... ਹੈ । ਇਸ ਕਰਕੇ ਜੋ ਇਕ ਦੂਜੇ ਨਾਲ ਦਵੈਤ ਭਾਵਨਾ ਜਾਂ ਬੁਰਾ ਸੋਚਣਾ ਵਿਚਾਰਨਾ ਇਹ ਸੋਭਾ ਨਹੀ ਦਿੰਦਾ ।"

ਅਭਿਮਾਨ ਵਿਚ ਪਿਆਰ ਵਿਚ*
ਮਾਣ ਵਿਚ ਦ੍ਰਿੜ

੬੭) ਸਚ ਸਮਾਜ ਦਾ ........ ਜਨ ਭਗਤੇ ਵਜਾਉਣਾ ਢੋਲ, ਢੋਲਾ ਤੂੰ ਮੇਰਾ ਮੈਂ ਤੇਰਾ ਗਾਈਆ ।

ਧਰਮ ਦੀ ਧਾਰ ਦਾ* ਜਗਤ ਭੰਗੜੇ ਦਾ
ਸ਼ਰਅ ਸ਼ਰੀਅਤ ਦਾ ਕਲਜੁਗ ਧਾਰ ਦਾ

੬੮) ਮਨ ਵਾਸ਼ਨਾ ਗੁਆ ਕੇ ਪ੍ਰਭ ਨਾਮ ਸਿਮਰਨ ਹੁੰਦਾ ਹੈ ।
ਜਾਂ
ਪ੍ਰਭ ਦਾ ਨਾਮ ਸਿਮਰਨ ਨਾਲ ਮਨ ਵਾਸ਼ਨਾ ਗੁਮਦੀ ਹੈ ।

੬੯) "ਕਿਰਪਾ ਕਰਕੇ ਬਦਲ ਲੈ ਆਪਣੀ ਆਦਤ, ਭਗਤਾਂ ਹੋ ਸਚ ਸਹਾਈਆ ।" ਕਿਸ ਨੇ ਕਿਹਾ ?

ਗੁਰ ਅਵਤਾਰਾਂ ਨੇ ਸਤਿਗੁਰ ਸ਼ਬਦ ਨੇ
ਜਨ ਭਗਤ ਨੇ* ਸਦੀ ਚੌਦਵੀ ਨੇ

੭੦) ਜਨਮ ਕਰਮ ਧਰਮ ਦੀਆਂ ਆਸਾ ਮਨਸਾ ਪੂਰੀਆਂ ਹੋਣ ਤਾਂ ਨਾਮ ਸਿਮਰਨ ਹੁੰਦਾ ਹੈ ।
ਜਾਂ
ਨਾਮ ਸਿਮਰਨ ਨਾਲ ਜਨਮ ਕਰਮ ਧਰਮ ਦੀਆਂ ਆਸਾ ਮਨਸਾ ਪੂਰੀਆਂ ਹੁੰਦੀਆਂ ਹਨ ।

੭੧) ਜਨ ਭਗਤ ਕਹਿਣ ਕੀ ਕਰੀਏ ਗੁਰੂਆਂ ਚਰਨਾਂ, ਜਿਹੜੇ ਗੁਰੂ ਤੇਰੇ ...... ਧਿਆਨ ਲਗਾਈਆ ।

ਚਰਨਾਂ ਕਦਮਾਂ ਧਰਮਾਂ ਕਰਮਾਂ

੭੨) .... ਆਤਮ ਸੇਜ ਪਲੰਘ, ਆਸਣ ਸਿੰਘਾਸਣ ਦਏ ਵਡਿਆਈਆ ।

ਹਰਿ ਕਾ ਨਾਉਂ ਗੁਰੂਆਂ
ਲੇਫ ਤਲਾਈਆ ਸਤਿਗੁਰ ਜਗਤ ਸਿੰਘਾਸਣ

੭੩) ਕੋਟਨ ਕੋਟ ਜੀਵ ਜੰਤ ਜਨਨੀ ਹੋ ਕੇ ਜਨ ਜਣਦੇ, ਬੱਚੇ ਗੋਦੀਆਂ ਵਿਚ ਟਿਕਾਈਆ । ਬਿਨ ........... ਤੈਨੂੰ ਕੋਇ ਨਾ ਮੰਨਦੇ, ਮਨਸਾ ਪੂਰ ਨਾ ਕੋਇ ਕਰਾਈਆ ।

ਤੇਰੀ ਕਿਰਪਾ ਤੇਰੀ ਮਰਜੀ
ਮੇਰੀ ਕਿਰਪਾ ਮੇਰੀ ਰਹਿਮਤ

੧੧

੭੪) ······· ਕਹਿਣ ਸਾਨੂੰ ਨਾਪਿਆ ਨਾਲ ਫੀਤਾ, ਨੌਂ ਨੌਂ ਇੰਚ ਸਾਡੀ ਵੰਡ ਵੰਡਾਈਆ ।

ਸੱਤ ਰੰਗ | ਲੰਗਰ ਦੇ ਚਾਕੂ ਕਰਦਾਂ

ਦਰਬਾਰ ਦੀਆਂ ਇੱਟਾ | ਦਰਬਾਰ ਦੇ ਰੋਸ਼ਨਦਾਨ

੭੫) ਇਹ ਬਾਹਰੋਂ ਸਾਫ਼ ਤੇ ਅੰਦਰੋਂ ਚੋਰ, ਯਰਾਨੇ ਕੂੜੇ ਰਹੇ ਨਿਭਾਈਆ । ਇਹਨਾਂ ਦੀ ········· ਨਹੀਂ ਕੋਈ ਲੋੜ, ਕਲਜੁਗ ਅੰਤਮ ਰਿਹਾ ਕੁਰਲਾਈਆ ।

ਦਰਗਾਹ ਸਚ | ਮਾਤਲੋਕ

ਅਕਾਸ ਪਤਾਲ | ਸੰਗਤ ਵਿਚ

੧੩

੭੬) ਹਰਿ ਸਿਮਰਨ ਨਾਲ ਸਾਚਾ ਧਰਮ ਉਪਜਦਾ ਹੈ ।

ਜਾਂ

ਸੱਚੇ ਧਰਮ ਵਿਚ ਨਾਮ ਸਿਮਰਨ ਹੁੰਦਾ ਹੈ ।

੭੭) ਅਸੀਂ ਤੇ ਮਹਾਰਾਜ ਸ਼ੇਰ ਸਿੰਘ ਇਕੋ ਹਾਂ । ਕਿਸ ਨੇ ਆਖਿਆ ?

ਬੱਗਾ ਸਿੰਘ | ਬੁੱਧ ਸਿੰਘ

ਬਸੰਤਾ ਸਿੰਘ | ਬਾਜ ਸਿੰਘ

੭੮) ਹਰਿ ਸਿਮਰਤ ਸਰਬ ······, ਅਬਿਨਾਸ਼ੀ ਕਰਤਾ ਦਇਆ ਕਮਾਈਆ ।

ਸੁਖ ਪਾਸ | ਦੂਖ ਵਿਨਾਸ

ਆਤਮ ਨਿਵਾਸ | ਖੇਲ ਤਮਾਸ਼

੭੯) ਜੇ ਕੋਈ ਪ੍ਰਭ ਦਾ ਪਾਉਣਾ ਚਾਹੇ ਅੰਤ, ਅੰਤ ਵਿਚ ਕਿਸੇ ਨਾ ਆਈਆ । ਸੋ ਤਰਿਆ ਜੋ ਕਰੇ ·····, ਮਿੰਨਤ ਵਿਚ ਸਰਨਾਈਆ ।

ਇਲਤ | ਰਹਿਮਤ

ਮਿੰਨਤ | ਮਿਹਨਤ

੮੦) ਹਰਿ ਕਾ ਨਾਮ ······ ਕਰੇ ਪਤਿਤ ਪੁਨੀਤ ।

ਹਰਿ | ਕਾਇਆ

ਨੀਤੀ | ਰੀਤੀ

੮੧) ਸਭ ਤੋਂ ਉਤਮ ਸ੍ਰੇਸ਼ਟ ਸਤਿ ਸਰੂਪ ਗੁਰਮੁਖਾਂ, ਜੋ ······ ਵਿਚੋਂ ਸੋਹੰ ਨਾਮ ਧਿਆਈਆ ।

ਹਿਰਦੇ | ਸਾਹ

ਅੰਤਰ | ਮੁਖ

੮੨) ਇਸ ਕਰਕੇ ਤੁਸੀਂ ਆਪਣੇ ਆਪ ਦੀਆਂ ਜੁਮੇਵਾਰੀਆਂ ਨੂੰ ਆਪ ਸਿਰ ਤੇ ਚੁੱਕਣਾ ਹੈ ਔਰ ਸਹਾਰਾ ਪ੍ਰਮਾਤਮਾ ਦਾ ਲੈਣਾ ਹੈ । ......... ਕਿਸੇ ਦਾ ਸਹਾਰਾ ਨਹੀਂ ਲੈਣਾ ਔਰ ਕਿਸੇ ਸਾਥੀ ਤੋਂ ਵੀ ਸਲਾਹ ਨਹੀਂ ਪੁੱਛਣੀ । ਜੋ ਤੁਹਾਡਾ ਸਾਥੀ ਤੁਹਾਡੇ ਨਾਲ ਹੈ, ਤੁਹਾਡੇ ਵਿਚ ਹੈ ਉਸ ਤੋਂ ਸਲਾਹ ਲੈਣੀ ।

ਜਗਤ ਗੁਰੂ ਦਾ — ਇਨਸਾਨ ਦਾ

ਜੰਤਰ ਮੰਤਰ ਦਾ — ਮਸਤਾਨੇ ਦਾ

੮੩) ਜਨ ਭਗਤੋ ਤੁਸਾਂ ਪਿਛਲੀ ਕੀਤੀ ਆਪਣੇ ਅੰਦਰੋਂ ਕੱਢਣੀ ਅੰਮ੍ਰਿਤ ਵੇਲੇ ਸਾਰਿਆਂ ਨੇ ਕਰ ਲੈਣੀ ਦਾਤਨ, ਪਿਛਲਾ ਲੇਖਾ ਰਹੇ ਨਾ ਰਾਈਆ । ਕਿਸ ਚੀਜ ਦੀ ?

ਨਿਮ, ਕਿਕਰ ਆਦਿ ਦੀ — ਮੰਜਨ

ਕਾਲਗੇਟ ਬੁਰਸ਼ — .......

੮੪) ਬਿਨ ਭਗਤ ਪ੍ਰਭ ਦੀ ਚਲੇ ਕਦੇ ਨਾ ਪੀੜੀ, ਵਾਧਾ ....... ਨਾਲ ਰਖਾਵਾਂਗਾ ।

ਗੁਰ ਅਵਤਾਰ — ਲੱਖ ਚੁਰਾਸੀ

ਭਗਤ — ਸਤਿਗੁਰ

੮੫) ਧਰਮ ਦੀ ਧਾਰ ਸਚ ਦਾ ਵਹਿਣ, ਤੁਸਾਂ ਜਗਤ ਦੇਣਾ ਵਹਾਈਆ । ਸਤਿਗੁਰਾਂ ਕਿਸ ਨੂੰ ਆਖਿਆ ?

ਗੁਰ ਅਵਤਾਰਾਂ ਨੂੰ — ਦੇਵੀ ਦੇਵਤਿਆਂ ਨੂੰ

ਕੁਝ ਖਾਸ ਗੁਰਸਿਖਾਂ ਨੂੰ — ਸਾਰੀ ਸੰਗਤ ਨੂੰ

੮੬ ਬਿਨਾ ......... ਤੋਂ ਬਾਕੀ ਸਾਰੇ ਭਾਈ ਭੈਣ, ਨੇਤਰ ਅੱਖ ਨਾ ਕੋਇ ਬਦਲਾਈਆ ।

ਸਾਕ ਸੈਣ — ਭਾਈ ਭੈਣ

ਦੂਜੀ ਜਾਤ — ਨਾਰ ਕੰਤ

੮੭) ਸਤਿ ਧਰਮ ਦੇ ਤੁਲਣਾ ਪੂਰੇ ਤੋਲ, ......... ਜਗਤ ਨਾ ਕੋਇ ਰਖਾਈਆ । ਵੇਖਿਓ ਕਿਤੇ ਵਾਅਦੇ ਤੋਂ ਨਾ ਜਾਇਓ ਡੋਲ, ਅਨਡੋਲਤ ਪਰਮ ਪੁਰਖ ਅੱਗੇ ਸੀਸ ਨਿਵਾਈਆ ।

ਆਕੜ — ਹਉਮੇ

ਨਜਾਕਤ — ਤੱਕੜ

੮੮) ............. ਝਗੜਾ ਮਿਟ ਗਿਆ ਜਾਤ ਪਾਤ, ਦੀਨ ਮਜ੍ਹਬ ਵਰਨ ਬਰਨ ਸ਼ਰਅ ਵੰਡ ਨਾ ਕੋਇ ਵੰਡਾਈਆ ।

ਰੌਲਾ ਪਾਓ — ਉਚੀ ਬੋਲੋ

ਵਾਅਦਾ ਕਰੋ — ਸਾਰੇ ਕਹੋ

੮੯) ਕਿਸੇ ਨੂੰ ਮਾਇਆ ਭਰਮ ਭੁਲਾਇਆ, ਕਿਸੇ ਨੂੰ ਚੱਕਰਾਂ ਵਿਚ ਚਲਾਈਆ । ਕਿਸੇ ਨੂੰ ਪੱਥਰਾਂ ਦੀ ਪੂਜਾ ਕਰਨ ਡਾਹਿਆ, ਕਿਸੇ ਨੂੰ ਸੱਥਰਾਂ ਸੇਜ ਸੁਆਈਆ । ਕਿਸੇ ਨੂੰ ਅੱਖਰਾਂ ਨਾਲ ਪੜ੍ਹਾਇਆ, ਕਿਸੇ ਨੂੰ ਵੱਖਰਾ ਰਾਹ ਬਤਾਈਆ । ਕਿਸੇ ਨੂੰ ਸਫ਼ਰਾਂ ਵਿਚ ਪਾਇਆ, ਸੇਲੀ ਟੋਪੀ ਸੀਸ ਟਿਕਾਈਆ । ਕਿਸੇ ਨੂੰ ਮੰਤਰਾਂ ਵਿਚ ਗਾਇਆ, ਕਿਸੇ ਨੂੰ ਨੇਤਰਾਂ ਨਾਲ ਕਰੀ ਕੁੜਮਾਈਆ । ਕਿਸੇ ਨੂੰ ਮੰਦਰਾਂ ਵਿਚ ਬਹਾਇਆ, ਕਿਸੇ ਨੂੰ ਜੰਗਲਾਂ ਵਿਚ ਰੁਲਾਈਆ । ਕਿਸੇ ਨੂੰ ਕੰਦਰਾਂ ਵਿਚ ਫਸਾਇਆ, ਕਿਸੇ ਨੂੰ ਚੋਟੀ ਪਰਬਤ ਟਿੱਲੇ ਦਿਤਾ ਚੜ੍ਹਾਈਆ । ਕਿਸੇ ਨੂੰ ਮੁੰਦਰਾਂ ਨਾਲ ਭਰਮਾਇਆ, ਕਿਸੇ ਦੇ ਮੁਰਲੀ ਹੱਥ ਫੜਾਈਆ । ਕਿਸੇ ਨੂੰ ਸੀਤਾ ਨਾਲ ਪਰਨਾਇਆ, ਕਿਸੇ ਨੂੰ ਜੰਗਲਾਂ ਵਿਚ ਜੁਦਾਈਆ । ਕਿਸੇ ਨੂੰ ਗੀਤਾ ਨਾਲ ਸਮਝਾਇਆ, ਕਿਸੇ ਨੂੰ ਪ੍ਰੀਤਾਂ ਵਿਚ ਮੇਲ ਮਿਲਾਈਆ । ਕਿਸੇ ਨੂੰ ਅੰਗੀਠੇ ਵਿਚ ਤਪਾਇਆ, ਕਿਸੇ ਨੂੰ ਤੱਤੀ ਲੋਹਾਂ ਉਤੇ ਟਿਕਾਈਆ । ਕਿਸੇ ਨੂੰ ਜੀਤੇ ਜੀ ਦਿਤਾ ਬਦਲਾਇਆ, ਕਿਸੇ ਨੂੰ ਰੀਤ ਆਪਣੀ ਇਕ ਸਮਝਾਈਆ । ਕਿਸੇ ਨੂੰ ਨੀਚੋ ਨੀਚ ਦਿਤਾ ਦਰਸਾਇਆ, ਕਿਸੇ ਨੂੰ ਊਚੋ ਊਚ ਨਜ਼ਰੀ ਆਈਆ । ਕਿਸੇ ਨੂੰ ਦਹਿਲੀਜ਼ਾਂ ਵਿਚ ਬਹਾਇਆ, ਕਿਸੇ ਨੂੰ ਗੋਦੀ ਰਿਹਾ ਉਠਾਈਆ । ਕਿਸੇ ਨੂੰ ਕ਼ਮੀਜ਼ਾਂ ਨਾਲ ਪਰਚਾਇਆ, ਕਿਸੇ ਨੂੰ ਨਗਨ ਕਰ ਕਰ ਓਢਨ ਸੀਸ ਨਾ ਕੋਇ ਟਿਕਾਈਆ । ਕਿਸੇ ਨੂੰ ਘਰ ਘਰ ਮੰਗਣ ਡਾਹਿਆ, ਕਿਸੇ ਨੂੰ ਦੇਵੇ ਰਿਜ਼ਕ ਸਬਾਈਆ । ਕਿਸੇ ਨੂੰ ਗੁਰ ਅਵਤਾਰ ਜਣਾਇਆ, ਕਿਸੇ ਨੂੰ ਪੀਰ ਪੈਗ਼ੰਬਰ ਦਿਤੀ ਵਡਿਆਈਆ । ਕਿਸੇ ਨੂੰ ਭਗਤ ਭਗਵਾਨ ਅਖਵਾਇਆ, ਕਿਸੇ ਨੂੰ ਸੰਤ ਸੱਜਣ ਜਣਾਈਆ । ਕਿਸੇ ਨੂੰ ਗੁਰਮੁਖ ਵੰਡ ਵੰਡਾਇਆ, ਕਿਸੇ ਨੂੰ ਗੁਰਸਿਖ ਰਾਹ ਵਖਾਈਆ । ਕਿਸੇ ਨੂੰ ਚਾਰੇ ਬਾਣੀ ਨਾਲ ਪੜ੍ਹਾਇਆ, ਕਿਸੇ ਨੂੰ ਭੰਡਾਰਾ ਵਰਤਾਵਣ ਸੇਵਾ ਲਾਈਆ । ਕਿਸੇ ਨੂੰ ਮਾਰਨ ਹਕ ਰਖਾਇਆ, ਲਏ ਦੀਬਾਣ ਆਪ ਜਣਾਈਆ । ਪਰਤੱਖ ਰੂਪ ਸਾਖਿਆਤ ਨਾ ਕਿਸੇ ਵਖਾਇਆ, ਆਖਰ ਸਭ ਨੂੰ ਆਪਣੇ ਵਿਚ ਮਿਲਾਈਆ । (੪ ਮੱਘਰ ੨੦੨੧ ਬਿ)

ੳ) ਸੇਲੀ ਟੋਪੀ ਸੀਸ ਟਿਕਾਈਆ . . . . . . . . . . . . .
ਅ) ਕਿਸੇ ਨੂੰ ਮੁੰਦਰਾਂ ਨਾਲ ਭਰਮਾਇਆ, . . . . . . . . . . . . .
ੲ) ਕਿਸੇ ਨੂੰ ਗੀਤਾ ਨਾਲ ਸਮਝਾਇਆ, . . . . . . . . . . . . .
ਸ) ਕਿਸੇ ਦੇ ਮੁਰਲੀ ਹੱਥ ਫੜਾਈਆ । . . . . . . . . . . . . .
ਹ) ਕਿਸੇ ਨੂੰ ਤੱਤੀ ਲੋਹਾਂ ਉਤੇ ਟਿਕਾਈਆ । . . . . . . . . . . . . .
ਕ) ਕਿਸੇ ਨੂੰ ਭੰਡਾਰਾ ਵਰਤਾਵਣ ਸੇਵਾ ਲਾਈਆ . . . . . . . . . . . . .
ਖ) ਮਾਰਨ ਹੱਕ ਰਖਾਇਆ, . . . . . . . . . . . . .

੯੦) ਉਹ ਮਾਲਕ ਨਹੀਂ ਇੱਕ ਸ਼ਕਲ ਦਾ, . . . . ਰੂਪ ਧਰਾਈਆ । ਉਹ ਆਦੀ ਨਹੀਂ ਕਿਸੇ ਅਕਲ ਦਾ, ਅਨਭਵ ਆਪਣੀ ਧਾਰ ਚਲਾਈਆ ।

| | |
|---|---|
| ਦੋ ਦੋ | ਦਸ ਦਸ |
| ਅੱਠ ਦਸ | ਕੋਟਨ ਕੋਟ |

੯੧) ਜਨ ਭਗਤ ਕਹਿਣ ਪ੍ਰਭ ਦੇ ਦੇ ਕੁੰਜੀ, ਕੁ਼ਫ਼ਲ ਆਪਣਾ ਦੇ ਖੁਲ੍ਹਾਈਆ । ਸਤਿ ਸਚ ਦੀ ਬਖ਼ਸ਼ ਪੂੰਜੀ, ਕਿਉਂ ਬੈਠਾ ਆਪ ਦਬਾਈਆ । ਤੈਨੂੰ ਤਰਸ ਨਹੀਂ ਆਉਂਦਾ ਅਸੀਂ ਥੱਕ ਗਏ ਖਾ ਖਾ . . . . . . . . ਜਗਤ ਜੁਗ ਤੇਰਾ ਧਿਆਨ ਲਗਾਈਆ । ਹੁਣ ਰਸਨਾ ਸਾਡੀ ਰਹਿਣੀ ਨਹੀਂ . . . . . . , ਗਹਿਰ ਗਵਰ ਦਈਏ ਜਣਾਈਆ । ਸਾਥੋਂ ਸਾਭੀਂ ਨਹੀਂ ਜਾਂਦੀ ਮਿਰਚਾਂ ਵਾਲੀ . . . . . . , ਤੇਰੇ ਅੱਗੇ ਦਈਏ ਟਿਕਾਈਆ । ਸਾਨੂੰ ਨਹੀਂ ਕੋਈ ਲੋੜ ਸਵਾਦ ਲੈਣ ਦੀ . . . . . , ਮਿੱਠੇ ਰਸ ਨਾ ਕੋਇ ਲੁਭਾਈਆ । ਅਸਾਂ ਵਸਤ ਲੈਣੀ

ਉਹ ਜੇਹੜੀ ਹੱਥ ਕਿਸੇ ਨਾ ਆਏਂ . . . ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਧਿਆਨ ਲਗਾਈਆ । (੩ ਮੱਘਰ ੨੦੨੧ )

ਕੂੰਡੀ  ਗੂੰਗੀ  ਢੂੰਡੀ  ਦਾਲ ਮੂੰਗੀ  ਬੂੰਦੀ  ਪੂੰਜੀ

੯੨) ਮੈਤੋਂ ਅੱਜ ਕਿੰਨੀ ਬਾਰ ਝੂਠ ਬੋਲ ਹੋਇਆ ?

ਬਿਲਕੁਲ ਨਹੀਂ  ਇਕ ਦੋ ਬਾਰ

ਪੰਜ ਸੱਤ ਵਾਰ  . . . . . . . . .

੯੩) ਮੈਤੋਂ ਅੱਜ ਕਿੰਨੀਆਂ ਦੀ ਨਿੰਦਿਆ ਹੋਈ ?

ਕਿਸੇ ਦੀ ਨਹੀਂ  ਇਕ ਦੋ ਦੀ

. . . . . . .

★ ★ ★ ★ ★ ★ ★ ★ ★ ★ ★ ★ ★ ★ ★ ★

ਕੋਈ ਇਕ ਰੀਤੀ ਲਿਖੋ ਜਿਸ ਵਾਰੇ ਸਤਿਗੁਰਾਂ ਦੇ ਹੁਕਮ ਦੀ ਸ਼ਪਸ਼ਟ ਸਮਝ ਨਹੀਂ ਜਾਂ ਪਤਾਂ ਨਹੀਂ । ਤਾਂ ਜੋ ਵਿਚਾਰ ਕਰੀਏ ।

. . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . .